Surrey Schools
LEADERSHIP IN LEARNING

# ਸਕੂਲ ਸ਼ੁਰੂ ਹੋਣ ਬਾਰੇ ਡਾ: ਐਰੀਐਲਾ ਜ਼ਬਾਰ ਨਾਲ ਸਵਾਲ ਜਵਾਬ

**1. ਕੀ ਇਸ ਸਾਲ ਸਕੂਲ ਦੁਬਾਰਾ ਨਾਰਮਲ ਵਾਂਗ ਹੋਣਗੇ?**

ਬੇਸ਼ੱਕ ਸਤੰਬਰ ਵਿੱਚ ਸਕੂਲ ਕਾਫੀ ਨਾਰਮਲ ਵਾਂਗ ਦਿਖਣਗੇ, ਪਰ ਅਸੀਂ ਅਜੇ ਨਾਰਮਲ ਵਰਗੀ ਹਾਲਤ ਵਿੱਚ ਨਹੀਂ ਪਹੁੰਚੇ। ਸਤੰਬਰ ਵਿੱਚ ਵਿਦਿਆਰਥੀ ਕਲਾਸਾਂ ਵਿੱਚ ਮੁਕੰਮਲ ਵਾਪਸੀ ਦੀ ਉਮੀਦ ਰੱਖ ਸਕਦੇ ਹਨ। ਪਰ ਕੋਵਿਡ-19 ਦੀ ਰੋਕਥਾਮ ਲਈ ਅਜੇ ਵੀ ਉਪਾਵਾਂ ਦੀ ਲੋੜ ਹੈ ਕਿਉਂਕਿ ਅਜੇ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਵੈਕਸੀਨ ਨਹੀਂ ਲਾਏ ਜਾ ਸਕਦੇ, ਅਤੇ ਅਜੇ ਬਹੁਤ ਸਾਰੇ ਲੋਕਾਂ ਦੇ ਕੋਵਿਡ-19 ਵੈਕਸੀਨ ਦਾ ਦੂਸਰਾ ਟੀਕਾ ਲੱਗਣ ਵਾਲਾ ਰਹਿੰਦਾ ਹੈ। ਭਾਵੇਂ ਅਜੇ ਵੀ ਰੋਕਥਾਮ ਦੇ ਅਸਰਦਾਰ ਉਪਾਅ ਲਾਗੂ ਹਨ, ਫਿਰ ਵੀ ਪੜ੍ਹਾਈ ਲਈ ਮਹੱਤਵਪੂਰਨ ਸਰਗਰਮੀਆਂ, ਖੇਡਾਂ ਅਤੇ ਆਪਸੀ ਮੇਲ-ਮਿਲਾਪ ਦੇ ਜ਼ਿਆਦਾ ਮੌਕੇ ਹੋਣਗੇ।

**2. ਸਕੂਲਾਂ ਵਿੱਚ ਰੋਕਥਾਮ ਦੇ ਕਿਹੜੇ ਉਪਾਅ ਹੋਣਗੇ?**

ਆਉਣ ਵਾਲੇ ਸਾਲ ਵਿੱਚ ਲਾਗੂ ਰਹਿਣ ਵਾਲੇ ਸਿਹਤ ਅਤੇ ਸੁਰੱਖਿਆ ਦੇ ਬਹੁਤ ਸਾਰੇ ਉਪਾਵਾਂ ਤੋਂ ਸਟਾਫ ਦੇ ਮੈਂਬਰ ਅਤੇ ਵਿਦਿਆਰਥੀ ਜਾਣੂ ਹਨ:

- ਰੋਜ਼ਾਨਾ ਸਿਹਤ ਜਾਂਚ ਮੁਕੰਮਲ ਕਰਨਾ ਅਤੇ ਬੀਮਾਰ ਹੋਣ `ਤੇ ਘਰ ਰਹਿਣਾ
- ਜਿੰਨਾ ਸੰਭਵ ਹੋਵੇ ਇਕ ਦੂਸਰੇ ਤੋਂ ਉਨਾ ਫਾਸਲਾ ਰੱਖਣਾ ਅਤੇ ਜ਼ਿਆਦਾ ਵਾਰ ਬਾਹਰ ਜਾਣਾ
- ਕਿੰਡਰਗਾਰਟਨ ਤੋਂ ਗ੍ਰੇਡ 12 ਤੱਕ ਦੇ ਸਾਰੇ ਸਟਾਫ ਮੈਂਬਰਾਂ, ਗ੍ਰੇਡ 4-12 ਦੇ ਵਿਦਿਆਰਥੀਆਂ ਅਤੇ ਵਿਜ਼ਟਰਾਂ ਲਈ ਸਾਰੀਆਂ ਅੰਦਰਲੀਆਂ ਥਾਂਵਾਂ ਵਿੱਚ ਮਾਸਕ ਪਾਉਣੇ ਜ਼ਰੂਰੀ ਹਨ
- ਹੱਥ ਸਾਫ ਕਰਨ ਅਤੇ ਸਫਾਈ ਰੱਖਣ/ਰੋਗਾਣੂ ਰਹਿਤ (ਡਿਸਇਨਫੈਕਟ) ਕਰਨ ਦੇ ਅਮਲਾਂ ਦੀ ਚੰਗੀ ਤਰ੍ਹਾਂ ਪਾਲਣ ਕਰਨਾ
- 12 ਸਾਲ ਤੋਂ ਵੱਧ ਉਮਰ ਦੇ ਹਰ ਜਣੇ ਲਈ ਕੋਵਿਡ-19 ਦੇ ਵੈਕਸੀਨ ਦੇ ਦੋ ਟੀਕੇ ਲਗਵਾਉਣ ਦੀ ਸਿਫਾਰਿਸ਼ ਕਰਨਾ

**3. ਕੀ (ਸਟਾਫ ਦੇ ਮੈਂਬਰਾਂ ਅਤੇ ਵਿਦਿਆਰਥੀਆਂ) ਨੂੰ ਅਜੇ ਵੀ ਕੁਰਾਟੀਨ ਵਿੱਚ ਜਾਣ (ਅਲਹਿਦਾ ਰਹਿਣ) ਦੀ ਲੋੜ ਹੋਵੇਗੀ, ਜੇ ਉਹ ਕੈਨੇਡਾ ਤੋਂ ਬਾਹਰ ਦਾ ਸਫਰ ਕਰਨਗੇ?**

ਅੰਤਰਰਾਸ਼ਟਰੀ ਸਫਰ ਤੋਂ ਬਾਅਦ ਕੁਰਾਟੀਨ (ਅਲਹਿਦਾ ਰਹਿਣ) ਦੀਆਂ ਸ਼ਰਤਾਂ ਦਾ ਫੈਸਲਾ ਫੈਡਰਲ ਸਰਕਾਰ ਵੱਲੋਂ ਕੀਤਾ ਜਾਂਦਾ ਹੈ ਅਤੇ ਇਸ ਨੂੰ ਲਗਾਤਾਰ ਅਪਡੇਟ ਕੀਤਾ ਜਾਂਦਾ ਹੈ। ਸਫਰ ਬਾਰੇ ਸਾਰੀਆਂ ਬੰਦਸ਼ਾਂ ਅਤੇ ਹੁਕਮਾਂ ਦੀ ਪਾਲਣਾ ਕਰਨਾ ਸਟਾਫ ਦੇ ਮੈਂਬਰਾਂ ਅਤੇ ਪਰਿਵਾਰਾਂ ਦੀ ਜ਼ਿੰਮੇਵਾਰੀ ਹੈ।

**4. ਕੀ ਸਕੂਲ ਮੇਰੇ ਬੱਚੇ ਲਈ ਸੁਰੱਖਿਅਤ ਹੈ?**

ਕੋਵਿਡ-19 ਲਈ ਸਕੂਲ ਅਜੇ ਵੀ ਘੱਟ ਖਤਰੇ ਵਾਲੀਆਂ ਥਾਂਵਾਂ ਹਨ। ਸਤੰਬਰ 2020 ਤੋਂ ਲੈ ਕੇ ਅਸੀਂ ਕੋਵਿਡ-19 ਅਤੇ ਸਟਾਫ ਦੇ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਸੁਰੱਖਿਅਤ ਰੱਖਣ ਵਾਲੇ ਉਪਾਵਾਂ ਬਾਰੇ ਬਹੁਤ ਕੁੱਝ ਸਿੱਖਿਆ ਹੈ। ਜੋ ਕੁੱਝ ਅਸੀਂ ਸਿੱਖਿਆ ਹੈ, ਉਸ ਦੇ ਆਧਾਰ `ਤੇ ਸੂਬੇ ਨੇ, ਵਿਦਿਅਕ ਖੇਤਰ ਅਤੇ ਸਿਹਤ ਅਧਿਕਾਰੀਆਂ ਦੀ ਸਲਾਹ ਨਾਲ, ਸਿਹਤ ਅਤੇ ਸੁਰੱਖਿਆ ਦੀਆਂ ਸੇਧਾਂ ਵਿੱਚ ਸੁਧਾਰ ਕੀਤਾ ਹੈ। ਸਿੱਖਣ ਅਤੇ ਵਿਕਾਸ ਲਈ ਜ਼ਿਆਦਾ ਮੌਕੇ ਪ੍ਰਦਾਨ ਕਰਦਿਆਂ, ਇਹ ਸੇਧਾਂ ਅਸਰਦਾਰ ਰੋਕਥਾਮ ਪ੍ਰਦਾਨ ਕਰਨਾ ਜਾਰੀ ਰੱਖਣਗੀਆਂ।

### 5. ਹੁਣ ਸਮੂਹਾਂ ਦੀ ਲੋੜ ਕਿਉਂ ਨਹੀਂ ਹੈ?

ਸਮੂਹਾਂ ਜਾਂ ਸਿੱਖਣ ਲਈ ਟੋਲੀਆਂ ਦੀ ਸ਼ੁਰੂਆਤ ਲੋਕਾਂ ਵਿੱਚ ਸੰਪਰਕ ਘਟਾਉਣ ਲਈ ਕੀਤੀ ਗਈ ਸੀ। ਉਦੋਂ ਤੋਂ ਅਸੀਂ ਇਹ ਸਿੱਖਿਆ ਹੈ ਕਿ ਸੰਪਰਕ ਵਿੱਚ ਆਉਣ ਦੀ ਗਿਣਤੀ ਦੇ ਮੁਕਾਬਲੇ ਇਹ ਗੱਲ ਜ਼ਿਆਦਾ ਮਹੱਤਵਪੂਰਨ ਹੈ ਕਿ ਕਿਸ ਤਰ੍ਹਾਂ ਦਾ ਸੰਪਰਕ ਕੀਤਾ ਜਾਂਦਾ ਹੈ। ਬਹੁਤੀ ਵਾਰ ਕੋਵਿਡ-19 ਲੰਬੇ ਸਮਾਜਕ ਮੇਲਾਂ-ਜੋਲਾਂ ਦੌਰਾਨ ਫੈਲਦਾ ਹੈ, ਅਤੇ ਬਹੁਤ ਵਾਰ ਸਕੂਲ ਦੇ ਕੇਸਾਂ ਵਿੱਚ ਵਾਇਰਸ ਘੱਟ ਫੈਲਿਆ ਹੈ। ਸਮੂਹਾਂ ਨੇ ਸਿੱਖਣ ਦੇ ਢੰਗਾਂ ਅਤੇ ਸਕੂਲ ਵਿੱਚ ਮਿਲ ਸਕਣ ਵਾਲੇ ਮੇਲ ਮਿਲਾਪ ਦੇ ਮੌਕਿਆਂ ਨੂੰ ਵੀ ਸੀਮਤ ਕੀਤਾ ਸੀ। ਇਸ ਸਾਲ ਸਕੂਲਾਂ ਵਿੱਚ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਦੇ ਨਾਰਮਲ ਗਰੁੱਪ ਨਜ਼ਰ ਆਉਣਗੇ।

### 6. ਹੁਣ ਅਸੀਂ 2 ਮੀਟਰ ਦੀ ਸਰੀਰਕ ਦੂਰੀ ਦੀ ਸ਼ਰਤ ਕਿਉਂ ਨਹੀਂ ਲਾ ਰਹੇ?

ਦੂਰੀ ਰੱਖਣਾ ਅਜੇ ਵੀ ਰੋਕਥਾਮ ਦਾ ਇਕ ਮਹੱਤਵਪੂਰਨ ਢੰਗ ਹੈ ਅਤੇ ਸਾਰੀਆਂ ਉਪਲਬਧ ਥਾਂਵਾਂ ਦੀ ਵਰਤੋਂ ਕਰਕੇ, ਵਿਦਿਆਰਥੀਆਂ ਨੂੰ ਸਕੂਲ ਛੱਡਣ ਆਉਣ ਅਤੇ ਸਕੂਲ ਤੋਂ ਲੈ ਕੇ ਜਾਣ ਦੇ ਸਮਿਆਂ ਦੌਰਾਨ ਭੀੜ-ਭੜੱਕੇ ਦੀ ਰੋਕਥਾਮ ਕਰਕੇ, ਹਾਲਾਂ ਅਤੇ ਲਾਕਰਾਂ ਦੇ ਆਲੇ ਦੁਆਲੇ ਦੀਆਂ ਥਾਂਵਾਂ ਸਮੇਤ ਸਾਂਝੀਆਂ ਥਾਂਵਾਂ ਵਿੱਚ ਲੋਕਾਂ ਦੇ ਆਉਣ ਜਾਣ `ਤੇ ਕੰਟਰੋਲ ਕਰਕੇ ਸਕੂਲ ਲੋਕਾਂ ਵਿਚਕਾਰ ਦੂਰੀ ਰੱਖਣਾ ਜਾਰੀ ਰੱਖਣਗੇ। ਰੋਲ ਮਾਡਲ ਬਣ ਕੇ, ਸਾਈਨ ਲਾ ਕੇ ਅਤੇ ਦਿਖਾਈ ਦੇਣ ਵਾਲੀਆਂ ਚੀਜ਼ਾਂ ਨਾਲ ਵੀ ਅਸੀਂ ਵਿਦਿਆਰਥੀਆਂ ਨੂੰ ਲੋਕਾਂ ਦੀ ਨਿੱਜੀ ਵਿੱਥ ਦਾ ਸਤਿਕਾਰ ਕਰਨ ਬਾਰੇ ਯਾਦ ਕਰਵਾ ਸਕਦੇ ਹਾਂ।

### 7. ਕਿੰਡਰਗਾਰਟਨ ਤੋਂ ਗਰੇਡ 3 ਵਿਚਲੇ ਵਿਦਿਆਰਥੀਆਂ ਲਈ ਮਾਸਕ ਪਾਉਣੇ ਜ਼ਰੂਰੀ ਕਿਉਂ ਨਹੀਂ ਹਨ?

ਪਿਛਲੇ ਸਾਲ ਵਿੱਚ ਸਕੂਲ ਘੱਟ ਖਤਰੇ ਵਾਲੀਆਂ ਥਾਂਵਾਂ ਰਹੀਆਂ ਹਨ। ਇਸ ਸਾਲ ਵੀ ਅਸੀਂ ਇਸ ਤਰ੍ਹਾਂ ਰਹਿਣ ਦੀ ਉਮੀਦ ਕਰਦੇ ਹਾਂ, ਸਮੇਤ ਐਲੀਮੈਂਟਰੀ ਸਕੂਲਾਂ ਦੇ ਜਿੱਥੇ ਅਜੇ ਬਹੁਤੇ ਵਿਦਿਆਰਥੀਆਂ ਦੇ ਵੈਕਸੀਨ ਨਹੀਂ ਲਾਏ ਜਾ ਸਕਦੇ। ਇਹ ਇਸ ਕਰਕੇ ਹੈ ਕਿਉਂਕਿ ਉੱਥੇ ਰੋਕਥਾਮ ਦੇ ਅਸਰਦਾਰ ਉਪਾਅ ਲਾਗੂ ਹਨ ਅਤੇ ਬਹੁਤੇ ਬਾਲਗਾਂ ਦੇ ਵੈਕਸੀਨ ਲੱਗੇ ਹੋਏ ਹਨ। ਜਿਹਨਾਂ ਦੇ ਵੈਕਸੀਨ ਨਹੀਂ ਲਾਏ ਜਾ ਸਕਦੇ, ਉਹਨਾਂ ਦੇ ਬਚਾਅ ਦਾ ਸਭ ਤੋਂ ਵਧੀਆਂ ਢੰਗ ਇਹ ਹੈ ਕਿ ਵੈਕਸੀਨ ਲਵਾਉਣ ਦੇ ਯੋਗ ਹਰ ਵਿਅਕਤੀ ਦੇ ਕੋਵਿਡ-19 ਵੈਕਸੀਨ ਦੇ ਦੋ ਟੀਕੇ ਲੱਗੇ ਹੋਏ ਹੋਣ। ਇਹ ਉਹਨਾਂ ਬਾਲਗਾਂ ਲਈ ਖਾਸ ਤੌਰ `ਤੇ ਮਹੱਤਵਪੂਰਨ ਹੈ ਜੋ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਵਿਚਰਦੇ ਹਨ।

ਕੇ-3 ਦੇ ਵਿਦਿਆਰਥੀਆਂ ਦੀ ਅਬਾਦੀ ਵਿੱਚ ਮਾਸਕ ਪਾਉਣ ਨੂੰ ਉਤਸ਼ਾਹਿਤ ਕੀਤੀ ਜਾਂਦਾ ਹੈ ਕਿਉਂਕਿ ਉਹ ਕੋਵਿਡ-19 ਤੋਂ ਕੁੱਝ ਸੁਰੱਖਿਆ ਪ੍ਰਦਾਨ ਕਰਦੇ ਹਨ। ਪਰ ਉਹਨਾਂ ਵਿਦਿਆਰਥੀਆਂ ਵਿੱਚ ਕੋਵਿਡ-19 ਦੇ ਫੈਲਾਅ ਦੀ ਰੋਕਥਾਮ ਕਰਨ ਲਈ ਵਾਧੂ ਉਪਾਵਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਹੜੇ ਵਿਦਿਆਰਥੀ ਲਗਾਤਾਰਤਾ ਨਾਲ ਮਾਸਕ ਪਾ ਸਕਣ ਦੇ ਘੱਟ ਯੋਗ ਹਨ।

### 8. ਵੈਕਸੀਨ ਲਵਾਉਣਾ ਕਿਉਂ ਜ਼ਰੂਰੀ ਹੈ ਅਤੇ ਕੀ ਇਹ ਉਹਨਾਂ ਲੋਕਾਂ ਦੀ ਸੁਰੱਖਿਆ ਕਰ ਸਕਦਾ ਹੈ, ਜਿਹੜੇ ਅਜੇ ਵੈਕਸੀਨ ਲਵਾਉਣ ਦੇ ਯੋਗ ਨਹੀਂ ਹਨ?

ਕੋਵਿਡ-19 ਵਿਰੁੱਧ ਸਾਡੀ ਲੜਾਈ ਵਿੱਚ ਵੈਕਸੀਨ ਬਹੁਤ ਹੀ ਅਸਰਦਾਰ ਅਤੇ ਮਹੱਤਵਪੂਰਨ ਸਾਧਨ ਹਨ। ਬੀ ਸੀ ਵਿਚਲੇ ਬਹੁਤੇ ਲੋਕਾਂ ਦੇ ਵੈਕਸੀਨ ਲੱਗ ਚੁੱਕੇ ਹਨ ਅਤੇ ਇਹ ਸਾਡੇ ਭਾਈਚਾਰਿਆਂ ਅਤੇ ਸਕੂਲਾਂ ਵਿੱਚ ਸੁਰੱਖਿਆ ਪ੍ਰਦਾਨ ਕਰ ਰਿਹਾ ਹੈ ਅਤੇ ਇਹ ਹੀ ਇਕ ਕਾਰਨ ਹੈ ਕਿ ਅਸੀਂ ਬਹੁਤ ਜ਼ਿਆਦਾ ਨਾਰਮਲ ਵੱਲ ਪਰਤਣ ਦੇ ਯੋਗ ਹੋਏ ਹਾਂ।

ਬਸੰਤ 2021 ਦੀ ਜਾਣਕਾਰੀ ਦੇ ਸਾਡੇ ਵਿਸ਼ਲੇਸ਼ਣ ਨੇ ਦਰਸਾਇਆ ਹੈ ਕਿ ਜਦੋਂ ਆਮ ਲੋਕਾਂ ਵਿੱਚ ਵੈਕਸੀਨ ਲੱਗਣ ਦੀ ਵੱਧ ਦਰ ਦੇ ਨਾਲ ਨਾਲ ਸਟਾਫ ਦੇ ਵੈਕਸੀਨ ਲੱਗੇ ਤਾਂ ਅਸੀਂ ਵੈਕਸੀਨ ਵਾਲੇ ਲੋਕਾਂ ਵਿੱਚ ਕੋਵਿਡ-19 ਦੀ ਕਮੀ ਦੇਖਣ ਦੇ ਨਾਲ ਨਾਲ ਵੈਕਸੀਨ ਨਾ ਲੱਗੇ ਹੋਣ ਵਾਲੇ ਵਿਦਿਆਰਥੀਆਂ ਵਿੱਚ ਵੀ ਕਮੀ ਦੇਖੀ। ਆਪਣੇ ਆਪ ਦਾ ਅਤੇ ਉਹਨਾਂ ਲੋਕਾਂ ਦਾ ਬਚਾਅ ਕਰਨ ਲਈ ਜਿਹੜੇ ਅਜੇ ਵੈਕਸੀਨ ਲਵਾਉਣ ਦੇ ਯੋਗ ਨਹੀਂ ਹਨ, ਅਸੀਂ ਵੈਕਸੀਨ ਲਵਾਉਣ ਦੇ ਯੋਗ ਹਰ ਵਿਅਕਤੀ ਨੂੰ ਪੂਰੀ ਤਰ੍ਹਾਂ ਵੈਕਸੀਨ ਲਵਾਉਣ ਲਈ ਉਤਸ਼ਾਹਿਤ ਕਰਨਾ ਜਾਰੀ ਰੱਖ ਰਹੇ ਹਾਂ।

**9. ਕੀ ਮੇਰੇ ਬੱਚੇ ਲਈ ਪਾਠਕ੍ਰਮ ਤੋਂ ਬਾਹਰੀ ਸਰਗਰਮੀਆਂ ਵਿੱਚ ਹਿੱਸਾ ਲੈਣਾ ਸੁਰੱਖਿਅਤ ਹੈ?**

ਪਾਠਕ੍ਰਮ ਤੋਂ ਬਾਹਰੀ ਸਰਗਰਮੀਆਂ ਅਤੇ ਅੰਤਰ-ਸਕੂਲੀ ਸਰਗਰਮੀਆਂ ਸਥਾਨਕ, ਇਲਾਕਾਈ ਅਤੇ ਸੂਬਾਈ ਪਬਲਿਕ ਹੈਲਥ ਦੀਆਂ ਸਿਫਾਰਸ਼ਾਂ ਅਨੁਸਾਰ ਹੋ ਸਕਦੀਆਂ ਹਨ। ਇਸ ਦਾ ਮਤਲਬ ਇਹ ਹੈ ਕਿ ਵੱਖ ਵੱਖ ਇਲਾਕਿਆਂ ਵਿੱਚ ਸਮਾਗਮ ਅਤੇ ਸਰਗਰਮੀਆਂ ਵੱਖ ਵੱਖ ਹੋ ਸਕਦੀਆਂ ਹਨ ਅਤੇ ਉਨ੍ਹਾਂ `ਤੇ ਰੋਕ ਲਾਉਣ ਦੀ ਲੋੜ ਹੋ ਸਕਦੀ ਹੈ।

ਸਕੂਲਾਂ ਵਿੱਚ ਸਿਹਤ ਅਤੇ ਸੁਰੱਖਿਆ ਦੇ ਕਈ ਤਰ੍ਹਾਂ ਦੇ ਅਸਰਦਾਰ ਉਪਾਅ ਜਾਰੀ ਹਨ ਤਾਂ ਕਿ ਪਾਠਕ੍ਰਮ ਤੋਂ ਬਾਹਰੀ ਸਰਗਰਮੀਆਂ ਵੱਧ ਤੋਂ ਵੱਧ ਸੁਰੱਖਿਅਤ ਨਾਲ ਵਾਪਰ ਸਕਣ। ਵਿਦਿਆਰਥੀਆਂ ਨੂੰ ਵਾਰ ਵਾਰ ਹੱਥ ਧੋਣ ਦੀ ਲੋੜ ਹੋ ਸਕਦੀ ਹੈ, ਉਨ੍ਹਾਂ ਨੂੰ ਸਾਜ਼-ਸਾਮਾਨ ਸਾਂਝਾ ਨਾ ਕਰਨ ਲਈ ਕਿਹਾ ਜਾਵੇਗਾ ਅਤੇ ਜਦੋਂ ਵੀ ਸੰਭਵ ਹੋਵੇ ਇਹ ਖੇਡਾਂ ਬਾਹਰ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਪਾਠਕ੍ਰਮ ਤੋਂ ਬਾਹਰੀ ਸਰਗਰਮੀਆਂ ਪਬਲਿਕ ਸਿਹਤ ਦੀਆਂ ਸਥਾਨਕ, ਇਲਾਕਾਈ ਅਤੇ ਸੂਬਾਈ ਸਿਫਾਰਸ਼ਾਂ ਅਤੇ ਕਮਿਊਨਿਟੀ ਸਮਾਗਮਾਂ ਅਤੇ ਇਕੱਠਾਂ ਨਾਲ ਸੰਬੰਧਿਤ ਹੁਕਮਾਂ ਦੀ ਪਾਲਣਾ ਕਰਨਗੀਆਂ।

**10. ਕੀ ਇਸ ਸਾਲ ਵਿਜ਼ਟਰ ਪਾਠਕ੍ਰਮ ਤੋਂ ਬਾਹਰੀ ਸਮਾਗਮ ਅਤੇ ਫੀਲਡ ਟ੍ਰਿੱਪਾਂ ਵਿੱਚ ਹਿੱਸਾ ਲੈ ਸਕਣਗੇ?**

ਇਕ ਵਾਰ ਫਿਰ ਮਾਪੇ ਅਤੇ ਵਿਜ਼ਟਰ ਫੀਲਡ ਟ੍ਰਿੱਪਾਂ ਅਤੇ ਪਾਠਕ੍ਰਮ ਤੋਂ ਬਾਹਰੀ ਸਰਗਰਮੀਆਂ ਵਰਗੇ ਆਨੰਦ ਦੇਣ ਵਾਲੇ ਕਈ ਸਮਾਗਮਾਂ ਵਿੱਚ ਹਿੱਸਾ ਲੈ ਸਕਣਗੇ। ਕੋਵਿਡ-19 ਦੇ ਦੋਵੇਂ ਟੀਕੇ ਲਗਵਾਉਣਾ ਵੈਕਸੀਨ ਲਗਵਾਉਣ ਤੋਂ ਅਯੋਗ 12 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਦਾ ਬਚਾਅ ਕਰਨ ਦੇ ਵਧੀਆ ਢੰਗਾਂ ਵਿੱਚੋਂ ਇਕ ਢੰਗ ਹੈ। ਇਸ ਤਰ੍ਹਾਂ ਦੀਆਂ ਸਰਗਰਮੀਆਂ ਅਤੇ ਵਿਜ਼ਟਰਾਂ ਦੀ ਸ਼ਮੂਲੀਅਤ ਲਈ ਸੂਬੇ ਭਰ ਦੀਆਂ ਅਤੇ ਇਲਾਕਾਈ ਮੌਜੂਦਾ ਬੰਦਸ਼ਾਂ ਦੀ ਪਾਲਣਾ ਕੀਤੇ ਜਾਣਾ ਜ਼ਰੂਰੀ ਹੈ।

**11. ਜੇ ਸਾਡੀ ਕਮਿਊਨਿਟੀ ਵਿੱਚ ਕੋਵਿਡ-19 ਦੇ ਕੇਸਾਂ ਦੀ ਗਿਣਤੀ ਵੱਧ ਜਾਵੇ ਤਾਂ ਕੀ ਹੋਵੇਗਾ?**

ਸਕੂਲ ਕਮਿਊਨਿਟੀ ਦਾ ਅਕਸ ਦਿਖਾਉਂਦੇ ਹਨ - ਜੇ ਕਮਿਊਨਿਟੀ ਵਿੱਚ ਕੇਸਾਂ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ ਤਾਂ ਅਸੀਂ ਸਕੂਲਾਂ ਵਿੱਚ ਵੀ ਜ਼ਿਆਦਾ ਕੇਸ ਦੇਖਣ ਦੀ ਉਮੀਦ ਕਰ ਸਕਦੇ ਹਨ। ਵੱਖ ਵੱਖ ਕਮਿਊਨਿਟੀਆਂ ਦੇ ਫਰਕਾਂ ਨਾਲ ਨਿਪਟਣ ਲਈ ਸਥਾਨਕ ਪੱਧਰ `ਤੇ ਸਿਹਤ ਨਾਲ ਸੰਬੰਧਿਤ ਹੁਕਮ ਜਾਰੀ ਕੀਤੇ ਜਾ ਸਕਦੇ ਹਨ। ਵੱਧ ਖਤਰੇ ਦੇ ਸਮੇਂ ਦੌਰਾਨ ਸਿਹਤ ਅਤੇ ਸੁਰੱਖਿਆ ਦੇ ਖਾਸ ਪੱਧਰ `ਤੇ ਵਾਧੂ ਉਪਾਅ ਲਾਗੂ ਕਰਨ ਲਈ ਕੋਈ ਸਥਾਨਕ ਮੈਡੀਕਲ ਹੈਲਥ ਅਫਸਰ ਕਿਸੇ ਇਕ ਸਕੂਲ, ਸਕੂਲਾਂ ਦੇ ਗਰੁੱਪ, ਇਕ ਸਕੂਲ ਜ਼ਿਲ੍ਹੇ ਜਾਂ ਹੈਲਥ ਅਥਾਰਟੀ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਸਾਰੇ ਸਕੂਲਾਂ ਬਾਰੇ ਕੋਈ ਸਿਫਾਰਸ਼ ਜਾਰੀ ਕਰ ਸਕਦਾ ਹੈ।

ਵਾਧੂ ਇਲਾਕਾਈ ਉਪਾਅ 2020/2021 ਸਕੂਲ ਸਾਲ ਵਿੱਚ ਲਾਗੂ ਉਪਾਵਾਂ ਵਰਗੇ ਹੋ ਸਕਦੇ ਹਨ ਅਤੇ ਉਨ੍ਹਾਂ ਵਿੱਚ ਅੱਗੇ ਦਿੱਤੀਆਂ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ:

- ਇਕੱਠਾਂ ਅਤੇ ਸਮਾਗਮਾਂ `ਤੇ ਸੀਮਾਵਾਂ

- ਕਮਰਿਆਂ ਦੀ ਤਰਤੀਬ ਵਿੱਚ ਤਬਦੀਲੀ ਕਰਨਾ ਜਾਂ ਅਜਿਹੀਆਂ ਸਰਗਰਮੀਆਂ ਕਰਨਾ ਜੋ ਲੋਕਾਂ ਵਿਚਕਾਰ ਦੂਰੀ ਵਧਾਉਂਦੀਆਂ ਹੋਣ ਅਤੇ ਆਹਮੋ-ਸਾਹਮਣੇ ਦੇ (ਫੇਸ ਟੂ ਫੇਸ) ਸੰਪਰਕ ਨੂੰ ਘਟਾਉਣਾ
- ਵਿਜ਼ਟਰਾਂ `ਤੇ ਬੰਦਸ਼ਾਂ ਲਾਉਣਾ
- ਮਾਸਕਾਂ ਦੀ ਵਰਤੋਂ ਨੂੰ ਵਧਾਉਣਾ

ਕਮਿਉਨਿਟੀ ਵਿੱਚ ਕੋਵਿਡ-19 ਦੇ ਫੈਲਾਅ ਨੂੰ ਘੱਟ ਕਰਨ ਦੇ ਵਧੀਆ ਢੰਗਾਂ ਵਿੱਚੋਂ ਇਕ ਢੰਗ ਕੋਵਿਡ-19 ਦੇ ਵੈਕਸੀਨ ਦੇ ਦੋਵੇਂ ਟੀਕੇ ਲਗਵਾਉਣਾ ਹੈ।

**12. ਕੀ ਸਟਾਫ ਲਈ ਵਿਅਕਤੀਗਤ ਪੱਧਰ `ਤੇ ਮਿਲਣਾ ਸ਼ੁਰੂ ਕਰਨਾ ਸੁਰੱਖਿਅਤ ਹੈ? ਅਸੀਂ ਮੀਟਿੰਗਾਂ ਵਿੱਚ ਆਪਣੇ ਆਪ ਦਾ ਕਿਵੇਂ ਬਚਾਅ ਕਰ ਸਕਦੇ ਹਾਂ?**

ਸਕੂਲ ਦਾ ਸਟਾਫ ਵਿਅਕਤੀਗਤ ਪੱਧਰ `ਤੇ ਮਿਲਣ ਬਾਰੇ ਠੀਕ ਮਹਿਸੂਸ ਕਰ ਸਕਦਾ ਹੈ, ਪਰ ਉਨ੍ਹਾਂ ਨੂੰ ਇਕ ਦੂਸਰੇ ਦੇ ਠੀਕ ਮਹਿਸੂਸ ਕਰਨ ਦੇ ਪੱਧਰ ਅਤੇ ਨਿੱਜੀ ਵਿੱਥ ਦੀਆਂ ਲੋੜਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਵਿਅਕਤੀਗਤ ਪੱਧਰ ਦੀਆਂ ਮੀਟਿੰਗਾਂ ਕਰਨ ਵੇਲੇ ਲੋਕਾਂ ਨੂੰ ਜਿੰਨਾ ਸੰਭਵ ਹੋਵੇ ਉਨਾ ਖਿਲਰ ਕੇ ਬੈਠਣਾ ਚਾਹੀਦਾ ਹੈ ਅਤੇ ਸਾਰੀ ਉਪਲਬਧ ਥਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਸਟਾਫ ਨੂੰ ਮਾਸਕ ਪਹਿਨਣੇ ਚਾਹੀਦੇ ਹਨ। ਮੀਟਿੰਗਾਂ ਵਿੱਚ ਪਬਲਿਕ ਹੈਲਥ ਦੀਆਂ ਸਾਰੀਆਂ ਸੰਬੰਧਿਤ ਸੇਧਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਕੋਵਿਡ-19 ਵੈਕਸੀਨ ਦੇ ਦੋਵੇਂ ਟੀਕੇ ਲਗਵਾਉਣਾ ਇਕ ਦੂਸਰੇ ਨੂੰ ਕੋਵਿਡ-19 ਤੋਂ ਬਚਾਉਣ ਦੇ ਸਭ ਤੋਂ ਵਧੀਆ ਢੰਗਾਂ ਵਿੱਚੋਂ ਇਕ ਹੈ।

**13. ਕੀ ਰੋਗਾਣੂਨਾਸ਼ਕ ਵਸਤਾਂ ਅਤੇ ਇਲੈਕਟ੍ਰੋਸਟੈਟਿਕ ਸਪਰੇਅ ਬੱਚਿਆਂ ਵਾਲੀਆਂ ਥਾਂਵਾਂ ਵਿੱਚ ਵਰਤਣੇ ਸੁਰੱਖਿਅਤ ਹਨ? ਜ਼ਿਲ੍ਹਾ ਸਕੂਲਾਂ ਦੀ ਸਫਾਈ ਕਰਨ ਲਈ ਕੁਦਰਤੀ ਵਸਤਾਂ (ਜਿਵੇਂ ਸਿਰਕਾ ਅਤੇ ਪਾਣੀ) ਦੀ ਵਰਤੋਂ ਕਿਉਂ ਨਹੀਂ ਕਰਦਾ?**

ਸਕੂਲਾਂ ਵਿੱਚ ਵਰਤੀਆਂ ਜਾਂਦੀਆਂ ਸਾਰੀਆਂ ਵਸਤਾਂ ਸਕੂਲਾਂ ਵਿੱਚ ਵਰਤਣ ਲਈ ਹੈਲਥ ਕੈਨੇਡਾ ਵੱਲੋਂ ਪ੍ਰਵਾਨਿਤ ਹਨ।

**14. ਜੇ ਸਕੂਲ ਵਿੱਚ ਕੋਵਿਡ-19 ਨਾਲ ਸੰਪਰਕ ਹੋਣ ਦੀ ਘਟਨਾ (ਐਕਸਪੋਜ਼ਰ) ਵਾਪਰੇ ਤਾਂ ਕੀ ਹੋਵੇਗਾ? ਕੀ ਮੈਨੂੰ ਸੂਚਿਤ ਕੀਤਾ ਜਾਵੇਗਾ?**

ਪਬਲਿਕ ਹੈਲਥ 2021/22 ਦੇ ਸਕੂਲ ਸਾਲ ਦੌਰਾਨ ਸਕੂਲਾਂ ਵਿੱਚ ਕੋਵਿਡ-19 ਦੇ ਸਾਰੇ ਪਾਜ਼ੇਟਿਵ ਕੇਸਾਂ ਲਈ ਕੇਸਾਂ ਅਤੇ ਸੰਪਰਕ ਦੀ ਮੈਨੇਜਮੈਂਟ (ਕੇਸ ਐਂਡ ਕਨਟੈਕਟ ਮੈਨੇਜਮੈਂਟ) ਪ੍ਰਦਾਨ ਕਰਨਾ ਜਾਰੀ ਰੱਖੇਗੀ। ਸਕੂਲ ਸੰਪਰਕ ਦੀ ਪੈਰਵਾਈ (ਕਨਟੈਕਟ ਟ੍ਰੇਸਿੰਗ) ਲਈ ਪਹਿਲ ਵਾਲੀ ਥਾਂ ਹਨ।

ਜੇ ਕਿਸੇ ਵਿਦਿਆਰਥੀ ਜਾਂ ਸਟਾਫ ਦੇ ਮੈਂਬਰ ਨੂੰ ਕੋਵਿਡ-19 ਹੋਣ ਦੀ ਪੁਸ਼ਟੀ ਹੁੰਦੀ ਹੈ, ਅਤੇ ਉਹ ਸਕੂਲ ਵਿੱਚ ਹੋਣ ਸਮੇਂ ਇਨਫੈਕਸ਼ਨ ਲਾ ਸਕਣ ਦੇ ਯੋਗ ਸੀ, ਤਾਂ ਪਬਲਿਕ ਹੈਲਥ ਇਹ ਫੈਸਲਾ ਕਰਨ ਲਈ ਜਾਂਚ ਕਰੇਗੀ ਕਿ ਸਕੂਲ ਵਿੱਚ ਕਿੰਨੇ ਕੁ ਲੋਕ ਉਸ ਦੇ ਨੇੜਲੇ ਸੰਪਰਕ ਵਿੱਚ ਆਏ ਸਨ।

ਜੇ ਇਸ ਗੱਲ ਦੀ ਪੁਸ਼ਟੀ ਹੋ ਜਾਵੇ ਕਿ ਸਕੂਲ ਵਿੱਚ ਹੋਰ ਲੋਕ ਉਸ ਦੇ ਨੇੜਲੇ ਸੰਪਰਕ ਵਿੱਚ ਆਏ ਸਨ ਤਾਂ ਪਬਲਿਕ ਹੈਲਥ ਸਕੂਲ ਦੇ ਪ੍ਰਬੰਧਕਾਂ ਨੂੰ ਸੂਚਿਤ ਕਰੇਗੀ ਅਤੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਦਾ ਪਤਾ ਲਾਉਣ (ਕੰਨਟੈਕਟ ਟ੍ਰੇਸਿੰਗ) ਅਤੇ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਸੇਧ ਦੇਣ ਵਿੱਚ ਮਦਦ ਕਰਨ ਲਈ ਜਾਣਕਾਰੀ ਦੀ ਮੰਗ ਕਰੇਗੀ।

ਫਿਰ ਪਬਲਿਕ ਹੈਲਥ:

- ਜੇ ਲੋੜ ਹੋਵੇ ਤਾਂ 14 ਦਿਨਾਂ ਲਈ ਇਕਾਂਤਵਾਸ ਵਿੱਚ ਰਹਿਣ ਦੀ ਸਿਫਾਰਸ਼ ਕਰ ਸਕਦੀ ਹੈ
- ਜੇ ਲੋੜ ਹੋਵੇ ਤਾਂ ਲੱਛਣਾਂ ਲਈ ਆਪਣੀ ਨਿਗਰਾਨੀ ਕਰਨ ਦੀ ਸਿਫਾਰਸ਼ ਕਰ ਸਕਦੀ ਹੈ
- ਪੈਰਵੀ ਕਰਨ ਲਈ ਸਿਫਾਰਸ਼ਾਂ ਕਰ ਸਕਦੀ ਹੈ

ਸਕੂਲ ਇਹ ਯਕੀਨੀ ਬਣਾਉਣਗੇ ਕਿ ਉਹ ਵਿਦਿਆਰਥੀ ਆਪਣੀ ਪੜ੍ਹਾਈ ਦਾ ਪ੍ਰੋਗਰਾਮ ਜਾਰੀ ਰੱਖ ਸਕਣ ਜਿਨ੍ਹਾਂ ਨੂੰ ਇਕਾਂਤਵਾਸ ਵਿੱਚ ਰਹਿਣ ਦੀ ਲੋੜ ਹੈ। ਸਕੂਲ ਅਤੇ ਪਬਲਿਕ ਹੈਲਥ ਦੇ ਅਧਿਕਾਰੀ ਰਲ ਕੇ ਫੈਸਲਾ ਕਰਨਗੇ ਕਿ ਕੀ ਕੋਈ ਹੋਰ ਕਾਰਵਾਈ ਕਰਨ ਦੀ ਲੋੜ ਹੈ।

ਜੇ ਇਸ ਗੱਲ ਦੀ ਪੁਸ਼ਟੀ ਹੋ ਜਾਵੇ ਕਿ ਤੁਹਾਡਾ ਬੱਚਾ ਕੋਵਿਡ-19 ਦੇ ਪਾਜ਼ੇਟਿਵ ਹੋਣ ਵਾਲੇ ਵਿਅਕਤੀ ਦੇ ਨੇੜੇ ਦੇ ਸੰਪਰਕ ਵਿੱਚ ਆਇਆ ਹੈ ਤਾਂ ਮਾਪਿਆਂ, ਸੰਭਾਲ ਕਰਨ ਵਾਲਿਆਂ ਅਤੇ ਪਰਿਵਾਰਾਂ ਨੂੰ ਸੂਚਿਤ ਕੀਤਾ ਜਾਵੇਗਾ।

ਸੂਬੇ ਦੀ ਹਿਦਾਇਤ ਮੁਤਾਬਕ ਪਬਲਿਕ ਹੈਲਥ ਸਿਰਫ ਸਟਾਫ ਦੇ ਉਨ੍ਹਾਂ ਹੀ ਮੈਂਬਰਾਂ ਅਤੇ ਉਨ੍ਹਾਂ ਹੀ ਵਿਦਿਆਰਥੀਆਂ ਨੂੰ ਸੂਚਿਤ ਕਰੇਗੀ ਜਿਹਨਾਂ ਨੂੰ ਕੋਵਿਡ -19 ਦੇ ਸੰਪਰਕ ਦੇ ਵਿੱਚ ਆਉਣ (ਐਕਸਪੋਜ਼ਰ) ਕਾਰਨ ਕੋਈ ਖਾਸ ਕਦਮ ਚੁੱਕਣ ਦੀ ਲੋੜ ਹੋਵੇਗੀ। ਇਸ ਵਿੱਚ ਉਹ ਵਿਅਕਤੀ ਸ਼ਾਮਲ ਹਨ ਜਿਨ੍ਹਾਂ ਨੂੰ ਵਾਇਰਸ ਦੇ ਸੰਪਰਕ ਵਿੱਚ ਆਉਣ (ਐਕਸਪੋਜ਼ਰ) ਕਾਰਨ ਆਪਣੇ ਆਪ ਨੂੰ ਦੂਸਰਿਆਂ ਤੋਂ ਅਲਹਿਦਾ ਕਰਨ ਜਾਂ ਆਪਣੀ ਨਿਗਰਾਨੀ ਰੱਖਣ ਦੀ ਲੋੜ ਹੋਵੇਗੀ। ਲੋੜ ਹੋਣ `ਤੇ, ਜਿਵੇਂ ਕਿ ਆਊਟਬ੍ਰੇਕ ਦੇ ਕੇਸ ਸਮੇਂ, ਸਕੂਲ ਦੀ ਕਮਿਊਨਿਟੀ ਨੂੰ ਸੂਚਿਤ ਕੀਤਾ ਜਾਵੇਗਾ, ਅਤੇ ਇਹ ਸਾਡੇ ਵੈੱਬਸਾਈਟ `ਤੇ ਪੋਸਟ ਕੀਤਾ ਜਾਵੇਗਾ।

ਜੇ ਤੁਹਾਡੇ ਨਾਲ ਸੰਪਰਕ ਨਹੀਂ ਕੀਤਾ ਜਾਂਦਾ, ਤਾਂ ਤੁਹਾਡੇ ਵਲੋਂ ਕੋਈ ਵੀ ਕਦਮ ਚੁੱਕਣ ਦੀ ਲੋੜ ਨਹੀਂ ਹੈ ਅਤੇ ਤੁਹਾਡਾ ਬੱਚਾ ਸੁਰੱਖਿਅਤ ਢੰਗ ਨਾਲ ਸਕੂਲ ਆਉਣਾ ਜਾਰੀ ਰੱਖ ਸਕਦਾ ਹੈ।